# ਗੁਰੂ ਗ੍ਰੰਥ ਸਾਹਿਬ
# (੧੭੦੮-ਸਦੀਵ ਕਾਲ)

**ਸਿੱਖ ਧਰਮ ਵਿੱਚ ਗੁਰੂ ਦਾ ਸੰਕਲਪ :**

ਸਿੱਖ ਧਰਮ ਵਿੱਚ 'ਗੁਰੂ' ਸ਼ਬਦ ਤੋਂ ਭਾਵ ਇਸ ਦੇ ਪ੍ਰਚਲਤ ਅਰਥ, ਜਿਵੇਂ ਇੱਕ ਅਧਿਆਪਕ ਜਾਂ ਇੱਕ ਵਿਸ਼ੇਸ਼ਗ, ਜਾਂ ਇੱਕ ਰਾਹਬਰ, ਜਾਂ ਇੱਕ ਮਨੁੱਖੀ ਸਰੀਰ ਨਹੀਂ। ਇਹ ਦੋ ਸ਼ਬਦਾਂ ਦਾ ਜੋੜ ਹੈ—'ਗੁ' ਅਤੇ 'ਰੂ'। 'ਗੁ' ਦਾ ਅਰਥ ਹੈ ਹਨੇਰਾ 'ਰੁ' ਦਾ ਅਰਥ ਹੈ ਪ੍ਰਕਾਸ਼। ਸੋ ਗੁਰੂ ਦਾ ਭਾਵ ਹੈ ਪ੍ਰਕਾਸ਼ ਜੋ ਸਭ ਤਰ੍ਹਾਂ ਹਨੇਰਾ ਦੂਰ ਕਰਦਾ ਹੈ।

## ਜੋਤਿ ਜਾਂ ਦੈਵੀ ਪ੍ਰਕਾਸ਼ :

ਜਦ ਨਿਰਾਕਾਰ ਅਕਾਲ ਪੁਰਖ ਨੇ ਆਪਣੇ ਗੁਣ ਆਕਾਰ ਵਿੱਚ ਪ੍ਰਗਟ ਕੀਤੇ ਤਾਂ ਉਸ ਅਕਾਰ ਦਾ ਨਾਮ ਗੁਰੂ ਨਾਨਕ ਹੋਇਆ:

"ਜੋਤਿ ਰੂਪਿ ਰਹਿ ਆਪਿ ਗੁਰੂ ਨਾਨਕੁ ਕਹਾਯਉ।"

(ਗੁ: ਗ੍ਰੰਥ ਜੀ, ਭੱਟਾਂ ਦੇ ਸਵੱਯੇ, ਪੰਨਾ ੧੪੦੮)

ਇਸਤਰ੍ਹਾਂ ਗੁਰੂ ਨਾਨਕ ਦੇਵ ਜੀ ਦੈਵੀ ਪ੍ਰਕਾਸ਼ ਦਾ ਸਰੂਪ ਸਨ।

"ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।"

(ਆਸਾ ਦੀ ਵਾਰ, ਪੰਨਾ ੪੬੬)

ਅਰਥਾਤ, ਸੱਚੇ ਗੁਰੂ (ਨਾਨਕ) ਵਿੱਚ ਅਕਾਲ ਪੁਰਖ ਨੇ ਆਪਣੀ ਜੋਤਿ ਰਖ ਦਿਤੀ ਅਤੇ ਉਨ੍ਹਾਂ ਰਾਹੀਂ ਅਕਾਲ ਪੁਰਖ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ।

ਜਦ ਗੁਰੂ ਨਾਨਕ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਤੇ ਬਿਠਾ ਕੇ, ਪੰਜ ਪੈਸੇ ਅਤੇ ਨਰੇਲ ਅੱਗੇ ਰਖ ਕੇ, ਮੱਥਾ ਟੇਕਿਆ ਅਤੇ ਉਨ੍ਹਾਂ ਨੂੰ ਗੁਰੂ ਅੰਗਦ ਨਾਮ ਦਿਤਾ ਤਾਂ ਗੁਰੂ ਅੰਗਦ ਜੀ ਵੀ ਦੈਵੀ ਪ੍ਰਕਾਸ਼ ਦਾ ਸਰੂਪ ਹੋ ਗਏ।

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।"

(ਸੱਤਾ ਬਲਵੰਡ, ਪੰਨਾ ੯੬੬)

ਇਥੇ ਖਾਸ ਗੱਲ ਯਾਦ ਰਖਣੀ ਜ਼ਰੂਰੀ ਹੈ ਕਿ ਲੋਕਾਂ ਨੇ ਗੁਰੂ ਅੰਗਦ ਦੇਵ ਜੀ ਅਗੇ ਸਿਰ ਝੁਕਾਏ ਕੇਵਲ ਉਸ ਵੇਲੇ ਜਦ ਜੋਤਿ ਉਨ੍ਹਾਂ ਵਿੱਚ ਸਮਾ ਦਿਤੀ ਗਈ ਸੀ। ਉਨ੍ਹਾਂ ਅੱਗੇ ਗੁਰਗੱਦੀ ਤੇ ਬੈਠਣ ਤੋਂ ਪਹਿਲਾਂ ਕਿਸੇ ਨੇ ਵੀ ਮੱਥਾ ਨਹੀਂ ਟੇਕਿਆ, ਜਿਸ ਦਾ ਭਾਵ ਹੈ ਕਿ ਸਿੱਖ (ਗੁਰੂ ਅੰਗਦ ਦੇਵ ਜੀ ਦੇ) ਸਰੀਰ ਨੂੰ ਮੱਥਾ ਨਹੀਂ ਟੇਕਦੇ ਸਨ ਕਿਉਂਕਿ ਮਨੁੱਖੀ ਸਰੀਰ ਗੁਰੂ ਨਹੀਂ ਸੀ, ਸਗੋਂ ਰੱਬੀ ਜੋਤਿ ਨੂੰ ਮੱਥਾ ਟੇਕਦੇ ਸਨ ਜੋ ਗੁਰੂ ਨਾਨਕ ਜੀ ਤੋਂ ਗੁਰੂ ਅੰਗਦ ਦੇਵ ਜੀ ਵਿੱਚ ਪ੍ਰਵੇਸ਼ ਕਰ ਗਈ।

ਇਹੀ ਮਰਿਆਦਾ ਗੁਰਗੱਦੀ ਬਖਸ਼ਣ ਦੀ ਗੁਰੂ ਗੋਬਿੰਦ ਸਿੰਘ ਜੀ ਤਕ ਚਲਦੀ ਗਈ।ਫਿਰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਸੌਂਪਣਾ ਕੀਤੀ, ਪੰਜ ਪੈਸੇ ਅਤੇ ਨਰੇਲ ਗ੍ਰੰਥ ਸਾਹਿਬ ਦੇ ਅੱਗੇ ਰੱਖ ਮੱਥਾ ਟੇਕ ਕੇ। ਜਦ ਗੁਰਤਾ ਗੁਰੂ ਗ੍ਰੰਥ ਸਾਹਿਬ ਜੋਗ ਮਿਲੀ ਤਾਂ ਇਹ ਵੀ ਦੈਵੀ ਪ੍ਰਕਾਸ਼ ਦਾ ਸਰੂਪ ਹੋ ਗਏ। **ਸੋ ਇਹ ਸਾਫ ਤੌਰ ਤੇ ਯਾਦ ਰਖਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਅੱਗੇ ਸਿੱਖ ਮੱਥਾ ਟੇਕਦੇ ਹਨ ਤਾਂ ਉਹ ਇੱਕ ਗ੍ਰੰਥ ਨੂੰ ਮੱਥੇ ਨਹੀਂ ਟੇਕਦੇ ਸਗੋਂ ਦੈਵੀ ਪ੍ਰਕਾਸ਼ ਅਰਥਾਤ ਜੋਤਿ (ਗੁਰੂ) ਨੂੰ ਮੱਥਾ ਟੇਕਦੇ ਹਨ ਜੋ ਗੁਰਿਆਈ ਮਿਲਣ ਸਮੇਂ ਪ੍ਰਵੇਸ਼ ਹੋਈ।**

ਸਿੱਖ ਧਰਮ ਵਿੱਚ 'ਗੁਰੂ' ਸ਼ਬਦ ਤਿੰਨ ਪਰਸਪਰ ਸੰਬੰਧਤ ਪੱਖਾਂ ਤੋਂ ਵਰਤਿਆ ਜਾਂਦਾ ਹੈ :-

ਪਹਿਲਾਂ, ਇਹ ਅਕਾਲ ਪੁਰਖ, ਸਭ ਥਾਈਂ ਰਵ ਰਹੀ ਦੈਵੀ ਜੋਤਿ, ਦੈਵੀ ਪ੍ਰਕਾਸ਼ ਦੇ ਭਾਵ ਵਿੱਚ :

"ਗੁਰ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ।[੧]
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ।"

(ਵਾਰ ਮਾਝ ਕੀ, ਸਲੋਕ ਮਹਲਾ ੧, ਪੰਨਾ ੧੩੭)

"ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ।
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ।"

(ਸਿਰੀ ਰਾਗ ਮਹਲਾ ੫, ਪੰਨਾ ੫੨)

"ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ।
ਆਠ ਪਹਰ ਨਾਨਕ ਗੁਰ ਜਾਪਿ।"

(ਆਸਾ ਮਹਲਾ ੫, ਪੰਨਾ ੩੮੭)

ਦੂਜਾ ਪੱਖ, ਗੁਰੂ ਸ਼ਬਦ ਗੁਰੂ ਨਾਨਕ ਦੇਵ ਜੀ ਲਈ ਵੀ ਵਰਤਿਆ ਗਿਆ ਹੈ ਕਿਉਂਕਿ ਉਹ ਅਕਾਲ ਪੁਰਖ ਦੀਜੋਤਿ ਦਾ ਸਰੂਪ ਸਨ :

"ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ।"

(ਰਾਮਕਲੀ ਮਹਲਾ ੪, ਪੰਨਾ ੮੮੨)

"ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ।"

(ਕਾਨੜਾ ਮਹਲਾ ੪, ਪੰਨਾ ੧੩੧੦)

"ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ।"

(ਸਿਰੀ ਰਾਗ ਮਹਲਾ ੫, ਪੰਨਾ ੫੩)

ਤੀਜਾ ਪੱਖ 'ਗੁਰੂ' ਸ਼ਬਦ ਗੁਰਬਾਣੀ ਰੱਬੀ ਬਾਣੀ, ਲਈ ਵੀ ਵਰਤਿਆ ਗਿਆ ਹੈ। ਕਿਉਂਕਿ ਗੁਰਬਾਣਹੀ ਸਿਧੀ ਧੁਰ ਤੋਂ, ਅਕਾਲ ਪੁਰਖ ਤੋਂ ਆਈ, ਅਤੇ ਕਿਉਂਕਿ ਅਕਾਲ ਪੁਰਖ ਅਤੇ ਉਸ ਦੇ ਹੁਕਮ (ਰੱਬੀ ਬਾਣੀ) ਵਿੱਚ ਕੋਈ ਫਰਕ ਨਹੀਂ, ਗੁਰਬਾਣੀ ਵੀ ਗੁਰੂ ਹੋਈ :

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।"

(ਨਟ ਮਹਲਾ ੪, ਪੰਨਾ ੯੮੨)

## ਗੁਰਬਾਣੀ ਸਿਧੀ ਅਕਾਲ ਪੁਰਖ ਤੋਂ ਆਈ :

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਨਹੀਂ, ਸਗੋਂ ਇਸ ਦਾ ਹਰੇਕ ਸ਼ਬਦ ਕੇਵਲ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਵਡਿਆਈ ਨੂੰ ਸਮਰਪਣ ਹੈ। ਗੁਰੂ ਗ੍ਰੰਥ ਸਾਹਿਬ ਪਿਛਲੇ ਧਰਮਾਂ ਦਾ ਪ੍ਰਤੀਰੂਪ ਨਹੀਂ, ਗੁਰਬਾਣੀ ਗੁਰੂ ਸਾਹਿਬਾਨ ਨੂੰ ਸਿਧੀ ਅਕਾਲ ਪੁਰਖ ਤੋਂ ਆਈ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ ਕਿ ਇਹ ਬਾਣੀ ਉਨ੍ਹਾਂ ਦਾ ਆਪਣਾ ਫਲਸਫਾ ਨਹੀਂ, ਇਹ ਉਨ੍ਹਾਂ ਦਾ ਆਪਣਾ ਗਿਆਨ ਨਹੀਂ, ਅਤੇ ਨਾ ਹੀ ਇਹ ਉਨ੍ਹਾਂ ਦੀ ਆਪਣੀ ਸੋਚ ਹੈ, ਸਗੋਂ ਇਹ ਬਾਣੀ ਉਨ੍ਹਾਂ ਨੂੰ ਸਿਧੀ ਅਕਾਲ ਪੁਰਖ ਵਲੋਂ ਆ ਰਹੀ ਸੀ ਅਤੇ ਉਹ ਤਾਂ ਅਕਾਲ ਪੁਰਖ ਦਾ ਇਹ ਸੰਦੇਸ਼ ਜਗਤ ਨੂੰ ਪੁਚਾ ਰਹੇ ਸਨ। ਜਿਵੇਂ ਉਨ੍ਹਾਂ ਦਾ ਮੁਖਵਾਕ ਹੈ :

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।"[੨]

(ਤਿਲੰਗ ਮਹਲਾ, ਪੰਨਾ ੭੨੨)

"ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ।"

(ਵਡਹੰਸ ਮਹਲਾ ੧, ਪੰਨਾ ੫੬੬)

ਇਸ ਦੀ ਪੁਸ਼ਟੀ ਅਤੇ ਇਸ ਪੱਖ ਉਤੇ ਜ਼ੋਰ ਸਭ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਵਾਰ ਵਾਰ ਦਿਤਾ ਹੈ, ਜਿਵੇਂ :

"ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖ ਆਖਿ ਸੁਣਾਵਣਿਆ।"

(ਮਾਝ ਮਹਲਾ ੩, ਪੰਨਾ ੧੨੫)

"ਇਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ।"

(ਸਲੋਕ ਮ: ੪, ਪੰਨਾ ੩੦੬)

"ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ।"

(ਸੋਰਠ ਮਹਲਾ ੫, ਪੰਨਾ ੬੨੮)

"ਬੋਲੇ ਸਾਹਿਬ ਕੈ ਭਾਣੈ। ਦਾਸੁ ਬਾਣੀ ਬ੍ਰਹਮੁ ਵਖਾਣੈ।"

(ਸੋਰਠ ਮਹਲਾ ੫, ਪੰਨਾ ੬੨੯)

"ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ।"

(ਤਿਲੰਗ ਮਹਲਾ ੯, ਪੰਨਾ ੭੨੭)

ਅਰਥਾਤ, ਜਿਵੇਂ ਅਕਾਲ ਪੁਰਖ ਨੇ ਮੈਨੂੰ ਉਪਦੇਸ਼ ਦਿਤਾ ਹੈ, ਹੇ ਮੇਰੇ ਭਾਈ, ਉਹ ਸੁਣ।

ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਸਚਾਈ ਨੂੰ ਪੱਕਿਆ ਕੀਤਾ ਹੈ ਕਿ ਇਹ ਅਕਾਲ ਪੁਰਖ ਦੀ ਬਾਣੀ ਹੈ ਜੋ ਗੁਰੂ ਸਾਹਿਬਾਨ ਰਾਹੀਂ ਪ੍ਰਗਟ ਹੋ ਰਹੀ ਸੀ :

"ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗਮਾਹਿ।"

(ਗੁਰੂ ਗੋਬਿੰਦ ਸਿੰਘ ਜੀ)

ਜਨਮਸਾਖੀ ਵਿੱਚ ਵਰਨਣ ਹੈ ਕਿ ਗੁਰੂ ਨਾਨਕ ਦੇਵ ਜੀ ਬਹੁਤ ਵੇਰ ਆਪਣੇ ਰਬਾਬੀ ਮਰਦਾਨਾ ਨੂੰ ਬਚਨ ਕੀਤਾ ਕਰਦੇ ਸਨ, "ਮਰਦਾਨਿਆਂ, ਰਬਾਬ ਵਜਾ, ਬਾਣੀ ਆਈ ਹੈ।" ਉਹ ਬਾਣੀ ਫਿਰ ਗੁਰੂ ਜੀ ਲਿਖ ਲਿਆ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਇਹੋ ਰੱਬੀ ਬਾਣੀ ਹੈ।

## ਪ੍ਰਮਾਣਕਤਾ :

ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾ ਜਾਣ ਪਿਛੋਂ ਉਹਨਾਂ ਦੇ ਸ਼ਰਧਾਲੂਆ ਨੇ ਨਹੀਂ ਲਿਖਿਆ ਸੀ। ਇਹ ਤਾਂ ਗੁਰੂ ਸਾਹਿਬਾਨ ਨੇ ਆਪ ਲਿਖਵਾਇਆ ਅਤੇ ਸੰਗ੍ਰਹਿ ਕੀਤਾ ਸੀ। ਸੋ ਇਹ ਅਸਲੀ ਰੱਬੀ ਬਾਣੀ ਦਾ ਗ੍ਰੰਥ ਹੈ। ਕਿਸੇ ਨੂੰ ਵੀ ਇਸ ਵਿੱਚ ੧੪੩੦ ਪੰਨਿਆਂ ਤੇ ਲਗ ਮਾਤਰਾ ਬਦਲਣ ਦੀ ਵੀ ਆਗਿਆ ਨਹੀਂ ਹੈ। ਸਤਵੇਂ ਗੁਰੂ ਜੀ ਦੇ ਸਪੁੱਤਰ ਰਾਮਰਾਇ ਨੇ ਕੇਵਲ ਇੱਕ ਤੁਕ ਦਾ ਅਰਥ, ਬਾਦਸ਼ਾਹ ਔਰਰੰਜ਼ੇਬ ਨੂੰ ਖੁਸ਼ ਕਰਨ ਲਈ, ਬਦਲਾ ਕੇ ਸੁਣਾਇਆ ਸੀ ਤਾਂ ਉਸ ਦੇ ਪਿਤਾ ਗੁਰੂ ਹਰਿਰਾਇ ਜੀ ਨੇ ਉਸ ਨੂੰ ਸਦਾ ਵਾਸਤੇ ਛੇਕ ਦਿਤਾ ਸੀ ਅਤੇ ਮੂੰਹ ਨਹੀਂ ਸੀ ਲਾਇਆ। ਇਸ ਤੋਂ ਪ੍ਰਤੱਖ ਸੀ ਕਿ ਕੋਈ ਵੀ ਕਦੇ ਇਸ ਅਕਾਲ ਪੁਰਖ ਦੀ ਬਾਣੀ ਨੂੰ ਨਹੀਂ ਬਦਲ ਸਕਦਾ।

ਮੈਕਸ ਆਰਥਰ ਮੈਕਾਲਿਫ ਨੇ ਸੰਨ ੧੮੯੯ ਵਿੱਚ ਅਕਾਲ ਬੁੰਗਾ, ਅੰਮ੍ਰਿਤਸਰ, ਵਿੱਚ ਇੱਕ ਭਾਸ਼ਨ ਪਜੰਾਬੀ ਵਿੱਚ ਦਿੰਦਿਆਂ ਕਿਹਾ ਸੀ :

ਸਿੱਖ ਧਰਮ ਵਿੱਚ ਇੱਕ ਹੋਰ ਵਡਾ ਭਾਰਾ ਗੁਣ ਇਹ ਹੈ ਕਿ ਸੰਸਾਰ ਵਿੱਚ ਅੰਨਜ ਧਰਮਾਂ ਦੇ ਜੋ ਵਡੇ ਵਡੇ ਗੁਰੂ ਹੋ ਬੀਤੇ ਹਨ, ਉਹਨਾਂ ਨੇ ਕਦੀ ਇੱਕ ਸਤਰ ਤਕ ਬੀ ਆਪਣੇ ਹੱਥੀਂ ਨਹੀਂ ਲਿਖੀ ਸੀ।ਆਪ ਵਿਚੋਂ ਸ਼ਾਇਦ ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ ਦੇਸ਼ ਦਾ ਵਡਾ ਤਤਵੇਤਾ, ਜਿਸ ਦਾ ਨਾਉਂ ਫੀਥੋਗੋਰਸ ਸੀ, ਜਿਸ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਤੇ ਜੋ ਇਤਿਹਾਸ ਵਿੱਚ ਬਹੁਤ ਹੀ ਪ੍ਰਸਿਧ ਪੁਰਸ਼ ਹੋ ਗਿਆ ਸੀ, ਉਸ ਨੇ ਇੱਕ ਸਤਰ ਭੀ ਆਪਣੇ ਹੱਥੀਂ ਲਿਖਕੇ ਪਿੱਛੇ ਨਾ ਛਡੀ, ਜਿਸ ਕਰਕੇ ਅਸੀਂ ਭੀ ਜਾਣ ਲੈਂਦੇ ਕਿ ਇਹ ਉਸ ਦੇ ਨਿਯਮ ਸਨ। ਇਸ ਸੰਸਾਰ ਵਿੱਚ ਦੂਸਰਾ ਵੱਡਾ ਉਸਤਾਦ ਸੁਕਰਾਤ ਸੀ, ਜੋ ਮਸੀਹ ਤੋਂ ਪੰਜ ਸੌ ਵਰ੍ਹੇ ਪਹਿਲੇ ਯੂਨਾਨ ਦੇਸ਼ ਵਿੱਚ ਇੱਕ ਵਡਾ ਧਾਰਮਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ ਮੇਰੇ ਅੰਦਰ ਪਰਮਾਤਮਾ ਦੀ ਆਕਾਸ਼ ਬਾਣੀ ਉਤਰਦੀ ਹੈ, ਜੋ ਮੈਨੂੰ ਚੰਗੇ ਕਰਮਾਂ ਵੱਲ ਪ੍ਰੇਰਦੀ ਹੈ ਤੇ ਮੰਦੇ ਕੰਮਾਂ ਤੋਂ ਹਟਾਉਂਦੀ ਹੈ; ਪਰ ਉਹ ਭੀ ਆਪਣੇ ਪਿਛੋਂ ਕੋਈ ਤੁਕ ਅਜੇਹੀ ਲਿਖਕੇ ਨਾ ਛਡ ਗਿਆ, ਜਿਸਥੋਂ ਉਸ ਦਾ ਆਸ਼ਯ ਅਰ ਉਸ ਦੇ ਧਰਮ ਦੇ ਨਿਯਮਾਂ ਦੀ ਸਿੰਮ੍ਰਤੀ ਬਣੀ ਰਹਿੰਦੀ; ਜੋ ਕੁਛ ਉਸ ਦੀ ਸਿਖਿਆ ਪ੍ਰਗਟ ਹੈ ਉਹ ਬੀ ਉਸ ਦੇ ਚੇਲੇ ਅਫਲਾਤੂਨ ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪਰੰਤ ਇਸ ਭਾਰਤ ਵਰਸ਼ ਵਿੱਚ ਵਡਾ ਧਾਰਮਕ ਗੁਰੂ ਬੁਧ ਹੋਇਆ, ਉਸ ਨੇ ਭੀ ਆਪਣੇ ਹੱਥੀਂ ਕਦੇ ਕੋਈ ਸਤਰ ਨਹੀਂ ਲਿਖੀ ਸੀ। ਫੇਰ ਏਸ ਦੇ ਪਿਛੋਂ ਬੜਾ ਪ੍ਰਸਿੱਧ ਧਾਰਮਕ ਗੁਰੂ ਮਸੀਹ ਹੋਇਆ ਸੀ, ਉਸ ਨੇ ਭੀ ਕੋਈ ਇੱਕ ਅੱਖਰ ਸਾਰਖਾ ਨਹੀਂ ਲਿਖਿਆ ਸੀ। ਇਸ ਦੀਆਂ ਸਿਖਿਆ ਭੀ ਅੰਜੀਲ ਨਾਮੇ ਪੋਥੀ ਦਵਾਰਾ ਹੀ ਪ੍ਰਸਿਧ ਹੋਈਆਂ ਸਨ। ਪਰੰਤੂ ਸਿਖਾਂ ਦੇ ਧਾਰਮਕ ਗੁਰੂ ਇਹਨਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਹਨਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ ਸਤਯ ਉਪਦੇਸ਼ਾਂ ਦਾ ਸੰਗ੍ਰਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਵਾਸਤੇ ਰਚ ਗਏ। ਇਸ ਗੱਲ ਵਿੱਚ ਸਿਖਾਂ ਦਾ ਮਤ ਸਭ ਤੋਂ ਵਧਕੇ ਹੈ।"

(ਗੁਰੂ ਗ੍ਰੰਥ ਸਾਹਿਬ-ਪੋਥੀ ਪਹਿਲੀ, ਪੰਨਾ 'ਗ', ਭਾਈ ਵੀਰ ਸਿੰਘ)

## ਗੁਰੂ ਗ੍ਰੰਥ ਸਾਹਿਬ ਦਾ ਅਦੁਤੀ ਅਰੰਭ :

ਹਿੰਦੂ ਪੁਰਾਣ-ਕਥਾ-ਸ਼ਾਸਤਰ ਵਿੱਚ 'ਓਮ' ਸ਼ਬਦ ਦਾ ਭਾਵ ਸਦਾ ਅਦਵੈਤ ਪਰਮਾਤਮਾ ਸੀ। ਫਿਰ ਉਹਨਾਂ ਨੇ ਇਸ ਦਾ ਅਰਥ ਇੱਕ ਤੋਂ ਵਧੇਰੇ ਈਸ਼ਵਰ ਕਰਨਾ ਸ਼ੁਰੂ ਕਰ ਦਿਤਾ। ਗੁਰੂ ਨਾਨਕ ਦੇਵ ਜੀ ਨੇ ਇਸ ਤੋਂ ਪਹਿਲਾਂ ਹਿੰਦਸਾ '੧' ਅਤੇ ਇਸ ਦੇ ਪਿਛੇ 'ਕਾਰ' (ਇੱਕ ਅਰਧ ਚਕਰ) ਲਾ ਦਿਤਾ। ਇਸਤਰ੍ਹਾਂ ਇਹ "ਇੱਕ-ਓਮ-ਕਾਰ" ਹੋ

ਗਿਆ। ਇਹ ਕਰਨ ਨਾਲ ਗੁਰੂ ਜੀ ਨੇ ਇਸ ਵਿਚਾਰ ਉਤੇ ਪੱਕੀ ਮੋਹਰ ਲਾ ਦਿਤੀ ਜਿਸ ਦਾ ਸਦਾ ਲਈ ਅਰਥ ਹੋਇਆ ਹੈ "ਅਕਾਲ ਪੁਰਖ ਇੱਕ ਹੈ ਅਤੇ ਕੇਵਲ ਇੱਕ" ਸੋ ਗੁਰੂ ਗ੍ਰੰਥ ਸਾਹਿਬ ਅਦੁਤੀ ਢੰਗ ਰਾਹੀਂ ਹਿੰਦਸਾ ਇੱਕ (੧) ਨਾਲ ਅਰੰਭ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਦਾ ਅਰੰਭ 'ਮੂਲ ਮੰਤਰ' ਅਰਥਾਤ ਜਪੁ ਜੀ ਦੀ ਉਥਾਨਕਾ ਨਾਲ ਹੁੰਦਾ ਹੈ ਅਤੇ ਜੁਪਜੀ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਹੈ :

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।"

## ਇਸ ਦਾ ਭਾਵ ਅਰਥ ਹੈ :

ਅਕਾਲ ਪੁਰਖ ਕੇਵਲ ਇੱਕ ਹੇ, ਉਹ ਸਦੀਵੀ ਸਚ ਹੈ, ਸਾਰੀ ਕਾਇਨਾਤ ਕਾ ਰਚਨਹਾਰ ਅਤੇ ਹਰ ਪਾਸੇ ਸਮਾਈ ਦੈਵੀ ਆਤਮਾ ਹੈ। ਉਸ ਨੂੰ ਕਿਸੇ ਦਾ ਡਰ ਨਹੀਂ, ਕਿਸੇ ਨਾਲ ਵੈਰ ਨਹੀਂ ਕਾਲ-ਰਹਿਤ ਹੋਂਦ ਹੈ, ਜੰਮਣ-ਮਰਨ ਤੋਂ ਰਹਿਤ, ਸ੍ਵੈ-ਪ੍ਰਕਾਸ਼ਮਾਨ ਹੈ, ਉਹ ਸਚੇ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਇਸ ਮੂਲਮੰਤਰ ਤੋਂ ਅੱਗੇ ਸਲੋਕ, ਜਿਸ ਨੂੰ ਸਾਧਾਰਨ ਤੌਰ ਤੇ ਸੱਚ-ਮੰਤਰ ਕਹਿੰਦੇ ਹਨ, ਇਹ ਹੈ :-

ਜਪੁ। ਆਦਿ ਸਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚ।

## ਅਰਥਾਤ :

ਉਸ ਅਕਾਲ ਪੁਰਖ ਦਾ ਜਾਪ ਕਰੋ ('ਜਪੁ' ਸ਼ਬਦ ਦਾ ਭਾਵ "ਜੁਪਜੀ" ਬਾਣੀ ਦਾ ਸਿਰਲੇਖ ਵੀ ਕਿਹਾ ਜਾਂਦਾ ਹੈ), ਜੋ ਸਾਰੀ ਰਚਨਾ ਤੋਂ ਪਹਿਲੋਂ ਸੱਚਾ ਸੀ, ਰਚਨਾ ਅਰੰਭ ਹੋਣ ਤੇ ਵੀ ਸੱਚ, ਜੋ ਹੁਣ ਵੀ ਸੱਚ ਹੈ ਅਤੇ, ਹੇ ਨਾਨਕ ਉਹ ਸਦਾ ਸਚ ਰਹੇਗਾ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਅਤੇ ਮੁਸਲਮਾਨ ਦਰਵੇਸ਼ਾਂ ਦੀ ਵੱਖ ਵੱਖ ਬਾਣੀ, ਇਸ ਦੀ ਪ੍ਰਮਾਣਕਤਾ ਦੀ ਪਰਖ ਕਰਕੇ, ਆਦਿ ਗ੍ਰੰਥ ਸਾਹਿਬ, ਗੁਰਸਿਖਾਂ ਦੇ ਭਲੇ ਹਿਤ, ਅੰਕਿਤ ਕਰਕੇ ਤਿਆਰ ਕਰਨ ਦਾ ਮਹਾਨ ਕਾਰਜ ਕੀਤਾ। ਇਸ ਨੂੰ ਸੰਪੂਰਨ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਕੇ ਸੰਪੂਰਨਤਾ ਦੀ ਮੋਹਰ ਲਾ ਦਿਤੀ। ਉਸ ਪਿਛੋਂ ਆਦਿ ਗ੍ਰੰਥ ਸਾਹਿਬ ਦੇ ਇਸ ਸੰਪੂਰਨ ਸਰੂਪ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਬਖਸ਼ੀ।

ਸੰਸਾਰਕ ਜੀਵਨ ਦੇ ਘੋਰ ਸਾਗਰ ਵਿੱਚ ਧੱਕੇ ਧੋੜੇ ਖਾਂਦੇ ਮਨੁੱਖ ਲਈ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਓਟ ਆਸਰਾ ਹੈ। ਇਹ ਇੱਕ ਮਨੁੱਖ ਨੂੰ ਪਰਮਗਤੀ ਪਾਉਣ ਲਈ ਜ਼ਰੂਰੀ ਕੁਝ ਆਦੇਸ਼ਾਂ ਜਾਂ ਨੈਤਿਕ ਨਿਯਮਾਂ ਅਨੁਸਾਰ ਜੀਵਨ ਜੀਊਣ ਲਈ ਸਹਾਇਤਾ ਕਰਦੇ ਹਨ।

ਮਨੁੱਖ ਅਕਾਲ ਪੁਰਖ ਦੀ ਰਚਨਾ ਦਾ ਤੱਤ ਹੈ। ਮਨੁੱਖੀ ਸਰੀਰ ਕਈ ਤਰ੍ਹਾਂ ਦੀਆਂ ਹੇਠਲੀਆਂ ਜੂਨਾਂ ਵਿਚੋਂ ਲੰਘ ਕੇ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖੀ ਜੀਵਨ ਦੀ ਸਰਬ ਸ਼੍ਰੇਸ਼ਟਤਾ ਅਤੇ ਲਾਭ ਦਾ ਸਮਰਥਨ ਕਰਦੇ ਹਨ ਕਿਉਂਕਿ ਇਸ ਮਨੁਖਾ ਦੇਹ ਰਾਹੀਂ ਹੀ ਇੱਕ ਵਿਅਕਤੀ ਅੰਤਮ ਨਿਸਤਾਰਾ ਪ੍ਰਾਪਤ ਕਰ ਸਕਦਾ ਹੈ। ਮਨੁੱਖ ਕੋਲ ਸਚੇਤ ਜਾਣਕਾਰੀ ਲਈ ਭਾਰੀ ਸਮਰੱਥਾ ਹੈ ਜੋ ਇਸ ਨੂੰ ਲੋੜੀਂਦੇ ਅਧਿਆਤਮਕ ਟੀਚੇ ਤੇ ਪਹੁੰਚਣ ਲਈ ਸਹਾਇਤਾ ਕਰਦੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਆਤਮਕ ਵਾਧੇ ਲਈ ਸਾਰੇ ਉਪਦੇਸ਼ ਅਤੇ ਪ੍ਰੇਰਨਾਵਾਂ ਮਨੁੱਖ ਨੂੰ ਹੀ ਸੰਬੋਧਤ ਹਨ। ਮਨੁੱਖ ਦੀਆਂ ਪਦਾਰਥਕ ਕਦਰਾਂ ਕੀਮਤਾਂ ਝੂਠੀਆਂ 'ਕੂੜ' ਗਿਣੀਆਂ ਜਾਂਦੀਆਂ ਹਨ :

"ਕੂੜੁ ਰਾਜਾ ਕੂੜ ਪਰਜਾ ਕੂੜੁ ਸਭੁ ਸੰਸਾਰ।<br>
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।<br>
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ।<br>
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।<br>
ਕੂੜ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ।<br>
ਕੂੜਿ ਕੂੜੇ ਨੇਹੁ ਲਗਾ ਵਿਸਰਿਆ ਕਰਤਾਰੁ।<br>
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ। (ਸਲੋਕ ਮ:੧ ਪੰਨਾ ੪੬੮)

ਗੁਰੂ ਗ੍ਰੰਥ ਸਾਹਿਬ ਵਿੱਚ ਨਾਮ ਦੀ, ਗੁਰੂ ਸਮਾਨ ਸਮਝ ਕੇ , ਮਹਤਤਾ ਪ੍ਰਗਟ ਕੀਤੀ ਹੋਈ ਹੈ। ਨਾਮ ਮਨੁੱਖ ਨੂੰ ਪਿਛੇ ਪਾਪਾਂ, ਕਲੇਸ਼ਾਂ, ਦੁਖਾਂ ਅਤੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਕਰਾ ਦਿੰਦਾ ਹੈ। **ਕੋਈ ਰੀਤਾਂ, ਦਾਨ, ਕੁਰਬਾਨੀਆਂ, ਵਰਤ ਅਤੇ ਤਪ ਨਾਮ ਦੇ ਬਰਾਬਰ ਨਹੀਂ।**

ਗੁਰੂ ਗ੍ਰੰਥ ਸਾਹਿਬ ਇੱਕ ਅਨੁਯਾਈ ਨੂੰ ਅਧਿਆਤਮਕ ਪ੍ਰਗਤੀ ਤੇ ਰਾਹ ਚਲਣ ਦੀ ਦੀਖਿਆ ਦਿੰਦੇ ਹਨ ਅਤੇ ਉਸ ਦੀ ਅਕਾਲ ਪੁਰਖ ਵਲ ਯਾਤਰਾ ਦੇ ਹਰ ਪੜਾਅ ਉਤੇ ਅਗਵਾਈ ਕਰਦੇ ਹਨ.। ਗੁਰੂ ਗ੍ਰੰਥ ਸਾਹਿਬ ਇੱਕ ਜਹਾਜ਼ ਹੈ ਜੋ ਇੱਕ ਭਗਤ (ਸਿੱਖ) ਨੂੰ ਮਾਇਆ (ਪਦਾਰਥਵਾਦ) ਦੇ ਸਾਗਰ ਵਿਚੋਂ ਸਾਫ ਲੰਘਾ ਦਿੰਦਾ ਹੈ ਅਤੇ ਇਸਤਰ੍ਹਾਂ ਮਨੁੱਖੀ ਆਤਮਾ ਨੂੰ ਇਸ ਦੇ ਅੰਤਮ ਟਿਕਾਣੇ, ਜੋ ਪਰਮ ਅਨੰਦ ਹੈ, ਤਕ ਲੈ ਜਾਂਦਾ ਹੈ :

"ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ।
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਹੁ।
ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ।

(ਸਿਰੀ ਰਾਗ ਮਹਲਾ ੧, ਪੰਨਾ ੫੯)

ਗੁਰੂ ਗ੍ਰੰਥ ਸਾਹਿਬ ਪੂਰਾ ਪੂਰਾ ਪ੍ਰਮਾਣਕ ਹੈ ਅਤੇ ਇਸ ਦੇ ਮੂਲ ਰੁਪ ਵਿੱਚ ਸੰਭਾਲਿਆ ਹੋਇਆ ਹੈ। ਇਹ ਇੱਕ ਬਹੁਤ ਵੱਡੀ ਕੀਮਤ ਵਾਲੀ ਮਿਲਖ ਹੈ ਜੋ ਸਿਖਾਂ ਨੂੰ ਗੁਰੂ ਨਾਨਕ ਜੀ ਰਾਹੀਂ ਅਕਾਲ ਪੁਰਖ ਵਲੋਂ ਮਿਲੀ ਹੈ ਅਤੇ ਉਹ ਇਸ ਦਾ ਸਰਬ-ਉਚ ਸਤਿਕਾਰ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ੩੧ ਰਾਗਾਂ ਵਿੱਚ ਹੈ, ੩੬ ਲਿਖਾਰੀ ਹਨ ਅਤੇ ਕੁਲ ੫੮੭੨ ਸ਼ਬਦ (ਕਈ ੫੮੭੪ ਕਹਿੰਦੇ ਹੈਂ) ੩੧ ਰਾਗ ਇਸ ਪ੍ਰਕਾਰ ਹਨ:

ਸਿਰੀ ਰਾਗੁ, ਰਾਗੁ ਮਾਝ, ਰਾਗੁ ਗਉੜੀ, ਰਾਗੁ ਆਸਾ, ਰਾਗੁ ਗੂਜਰੀ, ਰਾਗੁ

ਦੇਵਗੰਧਾਰੀ, ਰਾਗੁ ਬਿਹਾਗੜਾ, ਰਾਗੁ ਵਡਹੰਸ, ਰਾਗੁ ਸੋਰਠਿ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਟੋਡੀ, ਰਾਗੁ ਬੈਰਾੜੀ, ਰਾਗੁ ਤਿਲੰਗ, ਰਾਗੁ ਸੂਹੀ, ਰਾਗੁ ਬਿਲਾਵਲੁ, ਰਾਗੁ ਗੋਂਡ, ਰਾਗੁ ਰਾਮਕਲੀ, ਰਾਗੁ ਨਟ ਨਾਰਾਇਨ, ਰਾਗੁ ਮਾਲੀ ਗਉੜਾ, ਰਾਗੁ ਮਾਰੂ, ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗੁ ਭੈਰਉ, ਰਾਗੁ ਬਸੰਤ, ਰਾਗੁ ਸਾਰੰਗ, ਰਾਗੁ ਮਲਾਰ, ਰਾਗੁ ਕਾਨੜਾ, ਰਾਗੁ ਕਲਿਆਨ, ਰਾਗੁ ਪ੍ਰਭਾਤੀ, ਰਾਗੁ ਜੈਜਾਵੰਤੀ

ਰਾਗਾਂ ਤੋਂ ਇਲਾਵਾ ਸਲੋਕ, ਵਾਰਾ, ਗਾਥਾ, ਸਵਯੇ ਅਤੇ ਮੁੰਦਾਵਣੀ ਵੀ ਹਨ।

੪੯੫੬ ਸ਼ਬਦ ਛੇ ਗੁਰੂ ਸਾਹਿਬਾਨ ਦੇ ਹਨ:

ਗੁਰੂ ਨਾਨਕ ਦੇਵ ਜੀ (੯੭੪ ਸਬਦ-੧੯ ਰਾਗਾਂ ਵਿੱਚ)
ਗੁਰੂ ਅੰਗਦ ਦੇਵ ਜੀ (੬੨ ਸਲੋਕੁ / ਵਾਰ)
ਗੁਰੂ ਅਮਰਦਾਸ ਜੀ (੯੦੭ ਸਬਦ- ੧੭ ਰਾਗਾਂ ਵਿੱਚ)
ਗੁਰੂ ਰਾਮਦਾਸ ਜੀ (੬੭੯ ਸਬਦ-੩੦ ਰਾਗਾਂ ਵਿੱਚ)
ਗੁਰੂ ਅਰਜਨ ਦੇਵ ਜੀ (੨੨੧੮ ਸਬਦ- ੩੦ ਰਾਗਾਂ ਵਿੱਚ)
ਗੁਰੂ ਤੇਗ ਬਹਾਦਰ ਜੀ (੧੧੬ ਸਬਦ-੧੫ ਰਾਗਾਂ ਵਿੱਚ)

੧੫ ਭਗਤਾਂ ਦੇ ੭੭੮ ਸਬਦ:

ਭਗਤ ਸੇਖ ਫਰੀਦ ਜੀ ੧੧੭੩-੧੨੬੬ ੧੧੬ ਸਬਦ
ਭਗਤ ਜੈ ਦੇਵ ਜੀ ੧੨੦੧-੧੨੭੩ ੨ ਸਬਦ
ਭਗਤ ਤ੍ਰਿਲੋਚਨ ਜੀ ੧੨੬੭-੧੩੩੫ ੪ ਸਬਦ
ਭਗਤ ਨਾਮ ਦੇਵ ਜੀ ੧੨੭੦-੧੩੫੦ ੬੧ ਸਬਦ
ਭਗਤ ਸਧਨਾ ਜੀ ਕੋਈ ਸੰਨ ਨਹੀਂ ਪਰ ਭਗਤ ਨਾਮਦੇਵ ਜੀ
ਦੇ ਸਮੇਂ ਵਿੱਚ ਹੋਏ ਹਨ ੧ ਸਬਦ
ਭਗਤ ਰਾਮਾ ਨੰਦ ਜੀ ੧੩੬੬-੧੪੬੭ ੧ ਸਬਦ
ਭਗਤ ਰਵਿਦਾਸ ਜੀ ੧੩੭੮-੧੫੨੯ ੪੦ ਸਬਦ
ਭਗਤ ਸੈਣ ਜੀ ੧੩੯੦-੧੪੪੦ ੧ ਸਬਦ
ਭਗਤ ਕਬੀਰ ਜੀ ੧੩੯੮-੧੫੧੮ ੫੪੧ ਸਬਦ
ਭਗਤ ਧੰਨਾ ਜੀ ੧੪੧੫-੧੪੭੫ ੩ ਸਬਦ
ਭਗਤ ਪੀਪਾ ਜੀ ੧੪੨੬-੧੫੬੨ ੧ ਸਬਦ
ਭਗਤ ਸੂਰਦਾਸ ਜੀ ੧੪੭੮-੧੫੮੫ ੧ ਸਬਦ

ਭਗਤ ਭੀਖਣ ਜੀ ੧੪੮੦-੧੫੭੩ ੨ ਸਬਦ
ਭਗਤ ਪਰਮਾਨੰਦ ਜੀ ੧੪੮੩-੧੫੯੩ ੧ ਸਬਦ
ਭਗਤ ਬੇਣੀ ਜੀ ਕੋਈ ਸਨ ਨਹੀਂ ਪਰ ਗੁਰੂ ਨਾਨਕ ਦੇ ਸਮੇਂ
ਵਿੱਚ ਹੋਇਆ ਸਮਝਿਆ ਜਾਂਦਾ ਹੈ ੩ ਸਬਦ

ਚਾਰ ਗੁਰਸਿਖਾਂ ਦੇ ੧੭ ਸਬਦ :
ਭਾਈ ਮਰਦਾਨਾ (੩ ਸਬਦ), ਰਬਾਬੀ ਭਾਈ ਬਲਵੰਡ ਰਾਇ (੫), ਰਬਾਬੀ ਭਾਈ
ਸੱਤਾ ਡੂਮ (੩) ਤੇ ਬਾਬਾ ਸੁੰਦਰ ਜੀ (੬)

੧੧ ਭਠਾਂ ਦੇ ੧੨੧ ਸਵੱਯੇ (ਕੋਈ ੧੨੩ ਦਸਦੇ ਹਨ)
ਭੱਟ ਕਲਸਹਾਰ ਜੀ ੫੪ ਸਵੱਯੇ (ਕੋਈ ੫੬ ਕਹਿੰਦੇ ਹੈਂ)
ਭੱਟ ਗਯੰਦ ਜੀ ੧੩ "
ਭੱਟ ਭਿਖਾ ਜੀ ੨ "
ਭੱਟ ਕੀਰਤ ਜੀ ੪ "
ਭੱਟ ਮਥੁਰਾ ਜੀ ੧੨ " (ਕੋਈ ੧੪ ਦਸਦੇ ਹੈਂ)
ਭੱਟ ਜਾਲਪ ਜੀ ੫ "
ਭੱਟ ਸਲ੍ਹ ਜੀ ੩ "
ਭੱਟ ਭਲ੍ਹ ਜੀ ੧ "
ਭੱਟ ਬਲ੍ਹ ਜੀ ੫ "
ਭੱਟ ਹਰਬੰਸ ਜੀ ੨ "
ਭੱਟ ਨਲ੍ਹ ਜੀ ੧੬ "

੧. ਤਿੰਨ ਜਗਤ-ਇਕ ਜੋ ਸਾਡੇ ਸਾਹਮਣੇ ਹੈ, ਦੂਜਾ, ਜੋ ਕੁਝ ਵੀ ਸਾਡੇ ਤੋਂ ਉਤੇ ਹੈ ਅਤੇ ਤੀਜਾ, ਜੋ ਵੀ ਸਾਡੇ ਤੋਂ ਹੇਠਾਂ ਹੈ।

੨. ਲਾਲੋ ਗੁਰੂ ਜੀ ਦਾ ਸਿਖ ਸੀ।